# ਤੁਸੀਂ ਆਪਣਾ ਕੋਵਿਡ ਵੈਕਸ ਕਾਰਡ (COVID Vax Card) ਪ੍ਰਾਪਤ ਕਰ ਲਿਆ ਹੈ: *ਹੁਣ ਕੀ ਕਰਨਾ ਹੈ?*




ਜਦੋਂ ਤੁਸੀਂ COVID-19 ਦਾ ਟੀਕਾ ਲਗਵਾ ਲੈਂਦੇ ਹੋ ਤਾਂ ਤੁਹਾਨੂੰ ਸਬੂਤ ਵਜੋਂ ਇੱਕ ਟੀਕਾਕਰਣ ਕਾਰਡ (a vaccination card) ਦਿੱਤਾ ਜਾਂਦਾ ਹੈ। ਇਸ ਨੂੰ ਸੰਭਾਲ ਕੇ ਰੱਖੋ! ਤੁਸੀਂ ਇਸਨੂੰ ਇਸ ਤਰ੍ਹਾਂ ਰੱਖਣਾ ਹੈ ਜਿਵੇਂ ਤੁਸੀਂ ਆਪਣੇ ਕ੍ਰੈਡਿਟ ਕਾਰਡ, ਡਰਾਈਵਿੰਗ ਲਾਈਸੰਸ ਜਾਂ ਪਾਸਪੋਰਟ ਨੂੰ ਰੱਖਦੇ ਹੋ। ਤੁਹਾਡਾ ਕਾਰਡ ਸਿਰਫ ਇੱਕ ਸ਼ਡਿਊਲ ਰੀਮਾਈਂਡਰ ਹੀ ਨਹੀਂ ਹੈ: ਇਹ ਇੱਕ ਦਫ਼ਤਰੀ ਰਿਕਾਰਡ ਹੈ ਜਿਸ ਦੀ ਤੁਹਾਨੂੰ ਯਾਤਰਾ ਲਈ, ਕਿਸੇ ਸਮਾਗਮ ਵਿੱਚ ਜਾਣ ਲਈ ਜਾਂ ਇਹ ਵੀ ਸੰਭਾਵਨਾ ਸੰਭਵਨਾ ਹੈ ਕਿ ਬਾਅਦ ਵਿੱਚ ਡੋਜਾਂ ਦੇ ਵਾਧੇ ਲਈ ਵੀ ਲੋੜ ਪੈ ਸਕਦੀ ਹੈ।

ਵਾਸ਼ਿੰਗਟਨ ਦੇ ਬਹੁਤ ਸਾਰੇ ਕਾਰੋਬਾਰ ਹੁਣ ਉਹਨਾਂ ਲੋਕਾਂ ਲਈ ਪ੍ਰੋਤਸਾਹਨ ਵੀ ਪੇਸ਼ ਕਰ ਰਹੇ ਹਨ ਜੋ ਆਪਣਾ ਮੁਕੰਮਲ ਟੀਕਾਕਰਣ ਹੋਣ ਸੰਬੰਧੀ ਪ੍ਰਮਾਣਿਤ ਸਬੂਤ ਵੀ ਪ੍ਰਦਾਨ ਕਰਦੇ ਹਨ, ਜਿਵੇਂ ਕਿ, ਛੋਟਾਂ, ਮੁਫ਼ਤ ਚੀਜਾਂ ਜਾਂ ਸਮਾਗਮਾਂ ਵਿੱਚ ਪਹਿਲ ਦੇ ਅਧਾਰ 'ਤੇ ਸੀਟ। ਆਪਣੇ ਟੀਕਾਕਰਣ ਕਾਰਡ ਨੂੰ ਸ਼ੰਭਾਲ ਕੇ ਰੱਖੋ ਤਾਂ ਜੋ ਤੁਸੀਂ ਇਹਨਾਂ ਵਿਸ਼ੇਸ਼ ਪੇਸ਼ਕਸ਼ਾਂ ਦਾ ਲਾਭ ਲੈ ਸਕੋ।

## *ਇੱਥੇ ਕੁੱਝ ਉਪਯੋਗੀ ਸੁਝਾਅ ਦਿੱਤੇ ਗਏ ਹਨ ਜਿਹਨਾਂ ਨੂੰ ਆਪਣੇ ਟੀਕਾਕਰਣ ਕਾਰਡ ਦੀ ਵਰਤੋਂ-ਸੰਭਾਲ ਸਮੇਂ ਧਿਆਨ ਵਿੱਚ ਰੱਖਣਾ ਚਾਹੀਦਾ ਹੈ:*



- ਇਹ ਕਰੋ ਕਿ ਆਪਣੇ ਟੀਕਾਕਰਣ ਕਾਰਡ ਨੂੰ ਡੋਜਾਂ ਦੇ ਵਿਚਕਾਰ ਅਤੇ ਬਾਅਦ ਵਿੱਚ ਰੱਖੋ।
- ਇਹ ਕਰੋ ਕਿ ਡਿਜੀਟਲ ਕਾਪੀ ਨੂੰ ਆਪਣੇ ਕੋਲ ਰੱਖਣ ਲਈ ਆਪਣੇ ਕਾਰਡ ਦੇ ਅਗਲੇ ਅਤੇ ਪਿਛਲੇ ਪਾਸੇ ਦੀਆਂ ਫੋਟੋਆਂ ਖਿੱਚ ਲਓ। ਇਸ ਨੂੰ ਆਪਣੇ ਆਪ ਨੂੰ ਈ ਮੇਲ 'ਤੇ ਭੇਜ ਕੇ ਇੱਕ ਐਲਬਮ ਬਣਾ ਲਓ, ਜਾਂ ਫੋਟੋ ਨਾਲ ਇੱਕ ਟੈਗ ਸ਼ਾਮਲ ਕਰ ਲਓ ਤਾਂ ਜੋ ਤੁਸੀਂ ਇਸਨੂੰ ਆਸਾਨੀ ਨਾਲ ਦੁਬਾਰਾ ਲੱਭ ਸਕੋ।
- ਇਹ ਕਰੋ ਕਿ ਜੇ ਤੁਸੀਂ ਇੱਕ ਕਾਪੀ ਆਪਣੇ ਨਾਲ ਰੱਖਣਾ ਚਾਹੁੰਦੇ ਹੋ ਤਾਂ ਇੱਕ ਫੋਟੋ ਕਾਪੀ ਕਰ ਲਓ।




- ਇਹ ਨਾ ਕਰੋ ਕਿ ਇਸਨੂੰ ਸੁੱਟ ਦੇਵੋਂ ਜਾਂ ਗੁਆ ਦੇਵੋਂ!
- ਆਪਣੇ ਕਾਰਡ ਨੂੰ ਆਨਲਾਇਨ ਦਿਖਾਉਣ ਲਈ ਕੋਈ ਸੈਲਫੀ ਪੋਸਟ ਨਾ ਕਰੋ। ਸੈਲਫੀ ਲੈਣ ਦੀ ਬਜਾਏ #vaccinateWA ਜਾਂ #wadoh ਲਈ ਖੋਜ ਕਰੋ ਅਤੇ ਸਾਡੇ ਡਿਜੀਟਲ ਸਟਿੱਕਰ ਦੀ ਵਰਤੋਂ ਕਰੋ (ਸਿਰਫ ਅੰਗਰੇਜ਼ੀ ਵਿੱਚ)! @WADeptHealth ਨੂੰ ਟੈਗ ਕਰਨਾ ਨਾ ਭੁੱਲੋ।
- ਆਪਣੇ ਅਸਲ ਕਾਰਡ ਨੂੰ ਲੈਮੀਨੇਟ ਨਾ ਕਰੋ। ਤੁਸੀਂ ਆਪਣੇ ਨਾਲ ਰੱਖਣ ਲਈ ਇਕ ਫੋਟੋ ਕਾਪੀ ਨੂੰ ਲੈਮੀਨੇਟ ਕਰਵਾ ਸਕਦੇ ਹੋ।




## ਕੀ ਹੋਵੇਗਾ ਹੈ ਜੇ ਹੁਣ ਤੁਹਾਡੇ ਕੋਲ (ਰੋਗ ਨਿਯੰਤ੍ਰਣ ਅਤੇ ਬਚਾਅ ਲਈ ਕੇਂਦਰ) CDC ਦਾ ਟੀਕਾਕਰਣ ਕਾਰਡ ਨਾ ਹੋਵੇ?

ਜੇ ਤੁਸੀਂ ਆਪਣਾ ਕਾਰਡ ਰੱਖਕੇ ਭੁੱਲ ਗਏ ਹੋ ਜਾਂ ਗੁਆ ਚੁੱਕੇ ਹੋ, ਤਾਂ ਚਿੰਤਾ ਨਾ ਕਰੋ! ਤੁਸੀਂ ਆਪਣੇ COVID-19 ਦੇ ਟੀਕਾਕਰਣ ਨਾਲ ਸੰਬੰਧਤ ਦਫ਼ਤਰੀ, ਪ੍ਰਮਾਣਿਤ ਸਬੂਤ ਆਨਲਾਈਨ ਮੁਫਤ ਵਿੱਚ ਪ੍ਰਾਪਤ ਕਰ ਸਕਦੇ ਹੋ। MyIR ਦੀ ਵੈੱਬਸਾਈਟ ਵਾਸ਼ਿੰਗਟਨ ਸਟੇਟ ਵਿੱਚ ਟੀਕਾਕਰਣ ਦੇ ਸਬੂਤ ਨੂੰ ਪ੍ਰਾਪਤ ਕਰਨ ਦਾ ਸਟੇਟ ਵੱਲੋਂ ਇੱਕ ਦਫ਼ਤਰੀ ਰਸਤਾ ਹੈ। ਆਪਣੀ ਕਾਪੀ ਪ੍ਰਾਪਤ ਕਰਨ ਲਈ, www.MyIRMobile.com ਜਾਂ wa.MyIR.net 'ਤੇ ਜਾਓ ਅਤੇ ਮੁਫ਼ਤ ਵਿੱਚ ਸਾਈਨ ਅਪ ਕਰੋ। ਜੇ ਤੁਹਾਡੇ ਕੋਲ ਪਹਿਲਾਂ ਤੋਂ ਹੀ MyIR ਖਾਤੇ ਦਾ ਸੈਟ ਅਪ ਹੈ, ਤਾਂ ਤੁਹਾਡੇ ਕੋਲ ਸਭ ਕੁੱਝ ਤਿਆਰ ਹੈ!

**ਕਿਰਪਾ ਕਰਕੇ ਧਿਆਨ ਵਿੱਚ ਰੱਖੋ ਕਿ MyIR ਦੁਆਰਾ ਤੁਹਾਡੇ ਰਿਕਾਰਡਾਂ ਦੀ ਜਾਂਚ ਤੁਰੰਤ ਨਹੀਂ ਹੋ ਸਕਦੀ, ਅਤੇ ਇਸ ਵੇਲੇ ਸਿਰਫ ਅੰਗਰੇਜ਼ੀ ਭਾਸ਼ਾ ਵਿੱਚ ਹੀ ਪਹੁੰਚ ਉਪਲਬਧ ਹੈ।*

ਭਾਸ਼ਾ ਸੰਬੰਧੀ ਸਹਾਇਤਾ ਲਈ, ਜਾਂ ਤੁਹਾਡੇ ਰਿਕਾਰਡ ਪ੍ਰਾਪਤ ਕਰਨ ਸੰਬੰਧੀ ਵਾਧੂ ਸਹਾਇਤਾ ਲਈ, ਤੁਸੀਂ ਵਾਸ਼ਿੰਗਟਨ ਸਟੇਟ ਰੋਗ ਪ੍ਰਤੀਰੋਧਕਤਾ ਅਤੇ ਬਾਲ ਪ੍ਰੋਫਾਈਲ ਦਫ਼ਤਰ (Office of Immunization and Child Profile) ਨੂੰ ਨਿਯਮਤ ਕਾਰੋਬਾਰੀ ਘੰਟਿਆਂ ਦੌਰਾਨ 360-236-3595 'ਤੇ waiisrecords@doh.wa.gov 'ਤੇ ਈ-ਮੇਲ ਕਰਕੇ ਸੰਪਰਕ ਕਰ ਸਕਦੇ ਹੋ।

Washington State Department of Health

DOH 348-809 May 2021 Punjabi

ਕਿਸੇ ਦੂਸਰੇ ਰੂਪ ਵਿੱਚ ਇਹ ਦਸਤਾਵੇਜ਼ ਲੈਣ ਲਈ, 1-800-525-0127 'ਤੇ ਕਾਲ ਕਰੋ। ਬਹਿਰੇ ਜਾਂ ਗੂੰਗੇ ਲੋਕਾਂ ਲਈ, ਕਿਰਪਾ ਕਰਕੇ 711 (Washington Relay) 'ਤੇ ਕਾਲ ਕਰੋ ਜਾਂ civil.rights@doh.wa.gov 'ਤੇ ਈਮੇਲ ਕਰੋ।